## ਦਫਤਰ ਨਗਰ ਨਿਗਮ ਬਠਿੰਡਾ।

ਨਗਰ ਨਿਗਮ, ਬਠਿੰਡਾ ਦੀ ਫਾਈਨਾਂਸ ਅਤੇ ਕੰਟਰੈਕਟ ਕਮੇਟੀ ਦੀ ਮੀਟਿੰਗ ਮਿਤੀ 11.01.2016 ਨੂੰ ਦੁਪਹਿਰ 12.00 ਵਜੇ ਸ਼੍ਰੀ ਬਲਵੰਤ ਰਾਏ ਨਾਥ, ਮੇਅਰ, ਨਗਰ ਨਿਗਮ, ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਹੇਠ ਲਿਖੇ ਮੈਂਬਰਜ਼ ਨੇ ਹਿੱਸਾ ਲਿਆ।

| ਲੜੀ ਨੰ: | ਨਾਮ |
|---|---|
| 1. | ਸ਼੍ਰੀ ਬਲਵੰਤ ਰਾਏ ਨਾਥ,<br>ਮੇਅਰ |
| 2. | ਸ਼੍ਰੀ ਹਰਮੰਦਰ ਸਿੰਘ, ਕੌਂਸਲਰ<br>ਮੈਂਬਰ ਐਫ.ਐਂਡ ਸੀ.ਸੀ. |
| 3. | ਸ਼੍ਰੀ ਨਿਰਮਲ ਸਿੰਘ ਸੰਧੂ, ਕੌਂਸਲਰ<br>ਮੈਂਬਰ ਐਫ.ਐਂਡ ਸੀ.ਸੀ. |
| 4. | ਸ਼੍ਰੀ ਅਨਿਲ ਕੁਮਾਰ ਗਰਗ, ਪੀ.ਸੀ.ਐਸ<br>ਕਮਿਸ਼ਨਰ, ਨਗਰ ਨਿਗਮ, ਬਠਿੰਡਾ। |

ਇਸ ਉਪਰੰਤ ਫਾਈਨਾਂਸ ਐਂਡ ਕੰਟਰੈਕਟ ਕਮੇਟੀ ਦੀ ਮੀਟਿੰਗ ਦੀ ਕਾਰਵਾਈ ਸ਼ੁਰੂ ਹੋਈ।

s

<table>
<tr><th>ਲੜੀ ਨੰ:</th><th>ਮਤਾ ਨੰ:</th><th>ਏਜੰਡਾ ਆਈਟਮ ਨੰ:</th><th>ਮਤਾ ਜੋ ਪਾਸ ਹੋਇਆ</th></tr>
<tr><td>1.</td><td>40</td><td><u>ਏਜੰਡਾ ਨੰ: 1</u><br>ਐਫ.ਐਂਡ ਸੀ.ਸੀ. ਦੀ ਮੀਟਿੰਗ ਮਿਤੀ 23.10.2015 ਦੀ ਕਾਰਵਾਈ ਦੀ ਪਕਿਆਈ।</td><td>ਮੀਟਿੰਗ ਮਿਤੀ 23.10.2015 ਦੀ ਕਾਰਵਾਈ ਦੀ ਪਕਿਆਈ ਕੀਤੀ ਜਾਂਦੀ ਹੈ।</td></tr>
<tr><td>2.</td><td>41</td><td><u>ਏਜੰਡਾ ਨੰ: 2</u><br><br>ਦਫਤਰੀ ਰਿਪੋਰਟ ਕਿ ਹੇਠ ਲਿਖੇ ਅਨੁਸਾਰ ਕੰਮਾਂ ਦੇ ਟੈਂਡਰ ਵੱਖ-ਵੱਖ ਮਿਤੀਆਂ ਨੂੰ ਮੰਗੇ ਗਏ ਸਨ। ਟੈਂਡਰ ਪ੍ਰਾਪਤ ਹੋਣ ਉਪਰੰਤ ਇਹਨਾਂ ਦੀ ਹੇਠ ਲਿਖੇ ਅਨੁਸਾਰ ਤੁਲਨਾਤਮਕ ਵਿਆਖਿਆ ਤਿਆਰ ਕੀਤੀ ਗਈ ਹੈ। ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।<br><br><u>ਏਜੰਡਾ ਨੰ: 2.01</u><br><u>ਕੰਮ ਦਾ ਨਾਮ: ਰਿਪੇਅਰ ਐਂਡ ਰਿਇਨਸਟਾਲਿੰਗ 7.5 ਐਚ.ਪੀ. ਸਬਮਰੀਸਬਲ ਮੋਟਰ ਪੰਪ ਸੈਟ ਐਂਡ ਫਾਊਂਟੈਂਨ ਆਨ ਕੈਨਾਲ ਬਰਿਜ਼</u><br><u>ਤਖਮੀਨੇ ਦੀ ਰਕਮ : 1.47 ਲੱਖ ਰੁਪਏ</u><br><u>ਈ-ਟੈਂਡਰਿੰਗ ਦੀ ਮਿਤੀ : 23.10.2015</u><br><br>ਇਸ ਸਬੰਧੀ ਹੇਠ ਲਿਖੇ ਅਨੁਸਾਰ ਕੁੱਲ 3 ਟੈਂਡਰ ਪ੍ਰਾਪਤ ਹੋਏ ਹਨ:-
<table>
<tr><th>ਲੜੀ ਨੰ:</th><th>ਫਰਮ ਦਾ ਨਾਮ</th><th>ਪ੍ਰਤੀਸ਼ਤ(%)/ਰੇਟ</th><th>ਰਕਮ</th></tr>
<tr><td>1.</td><td>ਐਬਨੀ ਪ੍ਰਿੰਟਰਜ਼</td><td>ਤਖਮੀਨੇ ਅਨੁਸਾਰ</td><td>147000/-</td></tr>
<tr><td>2.</td><td>ਆਰ.ਆਰ.ਐਂਟਰਪ੍ਰਾਇਜ਼ਜ਼</td><td>ਤਖਮੀਨੇ ਤੋਂ 4% ਵੱਧ</td><td>152880/-</td></tr>
<tr><td>3.</td><td>ਸ਼ਕਤੀ ਇੰਜੀਨੀਅਰਿੰਗ ਕੰਪਨੀ</td><td>ਤਖਮੀਨੇ ਤੋਂ 0.75% ਘੱਟ</td><td>145897/-</td></tr>
</table>
ਉਪਰੋਕਤ ਟੈਂਡਰਾਂ ਵਿੱਚੋਂ ਦੀ ਸ਼ਕਤੀ ਇੰਜੀਨੀਅਰਿੰਗ ਕੰਪਨੀ ਦੇ ਰੇਟ ਸੱਭ ਤੋਂ ਘੱਟ ਹਨ। ਫਰਮ ਵੱਲੋਂ ਤਖਮੀਨੇ ਦੀ ਰਕਮ 1.47 ਲੱਖ ਰੁਪਏ ਦੇ ਵਿਰੁੱਧ 145897/- ਰੁਪਏ ਦੀ ਮੰਗ ਕੀਤੀ ਹੈ। ਰੇਟ ਪ੍ਰਵਾਨ ਕਰਨ ਲਈ ਕੇਸ ਐਫ. ਐਂਡ ਸੀ.ਸੀ. ਦੇ ਵਿਚਾਰ ਹਿੱਤ।<br><br><u>ਏਜੰਡਾ ਨੰ: 2.02</u><br><u>ਕੰਮ ਦਾ ਨਾਮ: ਪ/ਫ ਆਫ 8000 ਲੀਟਰ ਕੈਪੇਸਟੀ ਡਰੱਮ ਆਨ ਕੈਂਟਰ</u><br><u>ਤਖਮੀਨੇ ਦੀ ਰਕਮ : 2.50 ਲੱਖ ਰੁਪਏ</u><br><u>ਈ-ਟੈਂਡਰਿੰਗ ਦੀ ਮਿਤੀ : 30.10.2015</u><br><br>ਇਸ ਸਬੰਧੀ ਹੇਠ ਲਿਖੇ ਅਨੁਸਾਰ ਈ-ਟੈਂਡਰਿੰਗ ਪ੍ਰਣਾਲੀ ਰਾਹੀਂ ਕੁੱਲ 2 ਟੈਂਡਰ ਪ੍ਰਾਪਤ ਹੋਏ ਹਨ:-
<table>
<tr><th>ਲੜੀ ਨੰ:</th><th>ਫਰਮ ਦਾ ਨਾਮ</th><th>ਪ੍ਰਤੀਸ਼ਤ(%)/ਰੇਟ</th><th>ਰਕਮ</th></tr>
<tr><td>1.</td><td>ਮੈਸ: ਡੋਪਨ ਇੰਜੀਨੀਅਰਜ਼</td><td>ਤਖਮੀਨੇ ਤੋਂ 26.26% ਘੱਟ</td><td>184350/-</td></tr>
<tr><td>2.</td><td>ਦੀ ਮਹਿਤਾ ਕੋ-ਔਪ ਐਲ.ਸੀ. ਸੋਸਾਇਟੀ ਲਿਮ</td><td>ਤਖਮੀਨੇ ਤੋਂ 15.01% ਘੱਟ</td><td>212475/-</td></tr>
</table></td><td>ਪ੍ਰਵਾਨ ਹੈ।</td></tr>
</table>

s

ਉਪਰੋਕਤ ਟੈਂਡਰਾਂ ਵਿੱਚੋਂ ਮੈਸ: ਡੋਪਨ ਇੰਜੀਨੀਅਰਜ਼ ਦੇ ਰੇਟ ਸੱਭ ਤੋਂ ਘੱਟ ਹਨ। ਫਰਮ ਵੱਲੋਂ ਤਖਮੀਨੇ ਦੀ ਰਕਮ 2.50 ਲੱਖ ਰੁਪਏ ਦੇ ਵਿਰੁੱਧ 184350/- ਰੁਪਏ ਦੀ ਮੰਗ ਕੀਤੀ ਹੈ। ਰੇਟ ਪ੍ਰਵਾਨ ਕਰਨ ਲਈ ਕੇਸ ਐਫ. ਐਂਡ ਸੀ.ਸੀ. ਦੇ ਵਿਚਾਰ ਹਿੱਤ।

**ਪ੍ਰਵਾਨ ਹੈ।**

**ਏਜੰਡਾ ਨੰ: 2.03**

**ਕੰਮ ਦਾ ਨਾਮ: ਪ/ਲ ਪ੍ਰੀਮਿਕਸ ਕਾਰਪੇਟ ਐਟ ਕਾਲਾ ਸਿੰਘ ਸਿੱਧੂ ਕਲੋਨੀ, ਗਲੀ ਨੰ: 1, (ਗੁਰਦੁਆਰਾ ਸਾਹਿਬ ਵਾਲੀ ਗਲੀ)**
**ਤਖਮੀਨੇ ਦੀ ਰਕਮ : 5.72 ਲੱਖ ਰੁਪਏ**
**ਈ-ਟੈਂਡਰਿੰਗ ਦੀ ਮਿਤੀ : 30.10.2015**

ਇਸ ਸਬੰਧੀ ਹੇਠ ਲਿਖੇ ਅਨੁਸਾਰ ਈ-ਟੈਂਡਰਿੰਗ ਪ੍ਰਣਾਲੀ ਰਾਹੀਂ ਕੁੱਲ 1 ਹੀ ਟੈਂਡਰ ਪ੍ਰਾਪਤ ਹੋਇਆ ਹੈ:-

| ਲੜੀ ਨੰ: | ਫਰਮ ਦਾ ਨਾਮ | ਪ੍ਰਤੀਸ਼ਤ(%)/ਰੇਟ | ਰਕਮ |
|---|---|---|---|
| 1. | ਸ਼੍ਰੀ ਰਿਆਸਤੀ ਸਿੰਘ ਠੇਕੇਦਾਰ | ਤਖਮੀਨੇ ਤੋਂ 2.01% ਘੱਟ | 560502/80 |

ਉਪਰੋਕਤ ਕੰਮ ਦਾ ਸਿਰਫ ਇੱਕ ਹੀ ਟੈਂਡਰ ਪ੍ਰਾਪਤ ਹੋਇਆ ਹੈ। ਫਰਮ ਇਹ ਕੰਮ ਤਖਮੀਨੇ ਦੀ ਰਕਮ 5.72 ਲੱਖ ਰੁਪਏ ਦੇ ਵਿਰੁੱਧ 560502/80 ਰੁਪਏ ਵਿੱਚ ਕਰਨ ਲਈ ਤਿਆਰ ਹੈ। ਇਸ ਸਬੰਧੀ ਨਿਗਮ ਇੰਜੀਨੀਅਰ ਨੇ ਰਿਪੋਰਟ ਕੀਤੀ ਹੈ ਕਿ "The tender was called second time. First time no tender was received. The rates may be approved please. ਰੇਟ ਪ੍ਰਵਾਨ ਕਰਨ ਲਈ ਕੇਸ ਐਫ. ਐਂਡ ਸੀ.ਸੀ. ਦੇ ਵਿਚਾਰ ਹਿੱਤ।

**ਪ੍ਰਵਾਨ ਹੈ।**

**ਏਜੰਡਾ ਨੰ: 2.04**

**ਕੰਮ ਦਾ ਨਾਮ: ਪੇਚ ਵਰਕ ਇਨ ਸਟਰੀਟਸ ਆਫ ਜ਼ੋਨ ਨੰਬਰ 2**
**ਤਖਮੀਨੇ ਦੀ ਰਕਮ : 39.96 ਲੱਖ ਰੁਪਏ**
**ਈ-ਟੈਂਡਰਿੰਗ ਦੀ ਮਿਤੀ : 30.10.2015**

ਇਸ ਸਬੰਧੀ ਹੇਠ ਲਿਖੇ ਅਨੁਸਾਰ ਈ-ਟੈਂਡਰਿੰਗ ਪ੍ਰਣਾਲੀ ਰਾਹੀਂ ਕੁੱਲ 1 ਹੀ ਟੈਂਡਰ ਪ੍ਰਾਪਤ ਹੋਇਆ ਹੈ:-

| ਲੜੀ ਨੰ: | ਫਰਮ ਦਾ ਨਾਮ | ਪ੍ਰਤੀਸ਼ਤ(%)/ਰੇਟ | ਰਕਮ |
|---|---|---|---|
| 1. | ਸ਼੍ਰੀ ਰਿਆਸਤੀ ਸਿੰਘ ਠੇਕੇਦਾਰ | ਤਖਮੀਨੇ ਤੋਂ 2.01% ਘੱਟ | 3915680/- |

ਉਪਰੋਕਤ ਕੰਮ ਦਾ ਸਿਰਫ ਇੱਕ ਹੀ ਟੈਂਡਰ ਪ੍ਰਾਪਤ ਹੋਇਆ ਹੈ। ਫਰਮ ਇਹ ਕੰਮ ਤਖਮੀਨੇ ਦੀ ਰਕਮ 39.96 ਲੱਖ ਰੁਪਏ ਦੇ ਵਿਰੁੱਧ 3915680/- ਰੁਪਏ ਵਿੱਚ ਕਰਨ ਲਈ ਤਿਆਰ ਹੈ। ਇਸ ਸਬੰਧੀ ਨਿਗਮ ਇੰਜੀਨੀਅਰ ਨੇ ਰਿਪੋਰਟ ਕੀਤੀ ਹੈ ਕਿ "Third time tenders were invited this time. Rates may be approved please. ਰੇਟ ਪ੍ਰਵਾਨ ਕਰਨ ਲਈ ਕੇਸ ਐਫ. ਐਂਡ ਸੀ.ਸੀ. ਦੇ ਵਿਚਾਰ ਹਿੱਤ।

**ਪ੍ਰਵਾਨ ਹੈ।**

<table>
<tr>
<td></td>
<td></td>
<td><u>ਏਜੰਡਾ ਨੰ: 2.05</u><br><u>ਕੰਮ ਦਾ ਨਾਮ: ਫਿਕਸਿੰਗ ਆਫ ਟਰੀ ਗਾਰਡ ਵਿਦ ਸੀਮਿੰਟ ਕੰਕਰੀਟ ਆਨ ਡਿਫਰੈਂਟ ਰੋਡਜ਼ ਇਨ ਬਠਿੰਡਾ ਸਿਟੀ</u><br><u>ਤਖਮੀਨੇ ਦੀ ਰਕਮ : 4.29 ਲੱਖ ਰੁਪਏ</u><br><u>ਈ-ਟੈਂਡਰਿੰਗ ਦੀ ਮਿਤੀ : 16.11.2015</u><br>ਇਸ ਸਬੰਧੀ ਹੇਠ ਲਿਖੇ ਅਨੁਸਾਰ ਈ-ਟੈਂਡਰਿੰਗ ਪ੍ਰਣਾਲੀ ਰਾਹੀਂ ਕੁੱਲ 1 ਹੀ ਟੈਂਡਰ ਪ੍ਰਾਪਤ ਹੋਇਆ ਹੈ:-
<table>
<tr><th>ਲੜੀ ਨੰ:</th><th>ਫਰਮ ਦਾ ਨਾਮ</th><th>ਪ੍ਰਤੀਸ਼ਤ(%)/ਰੇਟ</th><th>ਰਕਮ</th></tr>
<tr><td>1.</td><td>ਦੀ ਫਰੈਂਡਜ਼ ਕੋ-ਅੱਪ ਐਲ.ਸੀ. ਸੋਸਾਇਟੀ ਲਿਮ</td><td>ਤਖਮੀਨੇ ਤੋਂ 5.25% ਘੱਟ</td><td>406477/-</td></tr>
</table>
ਉਪਰੋਕਤ ਕੰਮ ਦਾ ਸਿਰਫ ਇੱਕ ਹੀ ਟੈਂਡਰ ਪ੍ਰਾਪਤ ਹੋਇਆ ਹੈ। ਫਰਮ ਇਹ ਕੰਮ ਤਖਮੀਨੇ ਦੀ ਰਕਮ 4.29 ਲੱਖ ਰੁਪਏ ਦੇ ਵਿਰੁੱਧ 406477/- ਰੁਪਏ ਵਿੱਚ ਕਰਨ ਲਈ ਤਿਆਰ ਹੈ। ਕੇਸ ਐਫ. ਐਂਡ ਸੀ.ਸੀ. ਦੇ ਵਿਚਾਰ ਹਿੱਤ।</td>
<td>ਪ੍ਰਵਾਨ ਹੈ।</td>
</tr>
<tr>
<td>3.</td>
<td>42</td>
<td><u>ਏਜੰਡਾ ਨੰ: 3</u><br>ਰਿਪੋਰਟ ਸਿਹਤ ਸ਼ਾਖਾ ਕਿ ਸ਼ਹਿਰ ਵਿੱਚੋਂ ਮੁਰਦਾ ਪਸ਼ੂ ਮਿਤੀ 01.11.2015 ਤੋਂ 31.10.2016 ਤੱਕ ਉਠਾਉਣ ਲਈ ਠੇਕਾ ਦੇਣ ਸਬੰਧੀ ਮਿਤੀ 31.10.2016 ਨੂੰ ਬੋਲੀ ਕਰਵਾਈ ਗਈ ਸੀ। ਸਰਕਾਰੀ ਬੋਲੀ 360000/- ਰੁਪਏ ਸਲਾਨਾ ਰੱਖੀ ਗਈ ਸੀ। ਇਸ ਵਿੱਚ ਚਾਰ ਬੋਲੀਕਾਰ ਹਾਜ਼ਰ ਆਏ। ਇਹਨਾਂ ਬੋਲੀਕਾਰਾਂ ਵਿੱਚੋਂ ਸ਼੍ਰੀ ਰਾਜ ਕੁਮਾਰ ਪੁੱਤਰ ਸ੍ਰੀ ਗੋਪਾਲ ਦਾਸ, ਵਾਸੀ ਮਕਾਨ ਨੰਬਰ 12349, ਸੰਜੇ ਨਗਰ, ਬਠਿੰਡਾ ਵੱਲੋਂ 365000/- ਰੁਪਏ ਸਲਾਨਾ ਦਿੱਤੀ ਗਈ। ਇਸਤੋਂ ਵੱਧ ਕਿਸੇ ਬੋਲੀਕਾਰ ਨੇ ਉੱਚੀ ਬੋਲੀ ਨਹੀਂ ਦਿੱਤੀ। ਰਿਪੋਰਟ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td>
<td>ਪ੍ਰਵਾਨ ਹੈ।</td>
</tr>
<tr>
<td>4.</td>
<td>43</td>
<td><u>ਏਜੰਡਾ ਨੰ: 4</u><br>ਰਿਪੋਰਟ ਵਰਕਸ ਸ਼ਾਖਾ ਕਿ ਰਿਪੇਅਰ ਆਫ ਸੀਵਰ ਕੱਟ ਕਬੀਰ ਨਗਰ ਗਲੀ ਨੰ: 1 ਤੋਂ 6 ਬੰਗੀ ਨਗਰ ਦੇ ਕੰਮ ਦਾ ਤਖਮੀਨਾ ਮੁਬਲਿਗ 13.83 ਲੱਖ ਰੁਪਏ ਦਾ ਤਿਆਰ ਕੀਤਾ ਗਿਆ ਸੀ। ਇਹ ਤਖਮੀਨਾ ਨਗਰ ਨਿਗਮ ਦੇ ਮਤਾ ਨੰਬਰ 293(38) ਮਿਤੀ 20.10.2014 ਰਾਹੀਂ ਪਾਸ ਕੀਤਾ ਗਿਆ ਸੀ। ਇਸ ਕੰਮ ਦੇ ਟੈਂਡਰ ਮਿਤੀ 10.02.2015 ਨੂੰ ਮੰਗੇ ਗਏ ਸਨ। ਕੁੱਲ ਦੋ ਟੈਂਡਰ ਪ੍ਰਾਪਤ ਹੋਏ, ਜਿੰਨ੍ਹਾਂ ਵਿੱਚੋਂ ਸ਼੍ਰੀ ਰਿਆਸਤੀ ਸਿੰਘ ਠੇਕੇਦਾਰ ਦੇ ਰੇਟ ਘੱਟ ਪਾਏ ਗਏ ਸਨ ਅਤੇ ਇਸ ਕੰਮ ਦੀ ਕੰਪੈਰੇਟਿਵ ਸਟੇਟਮੈਂਟ ਅਨੁਸਾਰ 1240965/- ਰੁਪਏ ਵਿੱਚ ਇਹ ਕੰਮ ਕਰਵਾਉਣ ਲਈ ਕਮਿਸ਼ਨਰ ਨਗਰ ਨਿਗਮ ਜੀ ਵੱਲੋਂ ਮਿਤੀ 04.03.2015 ਰਾਹੀਂ ਕਰਵਾਉਣਾ ਪ੍ਰਵਾਨ ਕੀਤਾ ਹੈ। ਇਸ ਕੰਮ ਤਹਿਤ ਮੇਨ ਬੰਗੀ ਨਗਰ ਰੋਡ ਉਪਰ ਸੀਵਰ ਕੱਟ ਨੂੰ ਰਿਪੇਅਰ ਕੀਤਾ ਜਾਣਾ ਸੀ। ਪਰ ਇਸ ਸੀਵਰ ਲਾਈਨ ਦਾ ਕਿਸੇ ਮੇਨ ਸੀਵਰ ਨਾਲ ਕੁਨੈਕਸ਼ਨ ਨਾ ਹੋਣ ਕਾਰਨ ਮੌਕੇ ਤੇ ਇਹ ਕੰਮ ਨਹੀਂ ਕਰਵਾਇਆ ਜਾ ਸਕਿਆ। ਹੁਣ ਸ਼ਹਿਰ ਦੀਆਂ ਵੱਖ-ਵੱਖ ਸੜ੍ਹਕਾਂ ਦੀ ਤਾਮੀਰ ਕਰਨ ਲਈ ਤਿਆਰ ਕੀਤੇ ਗਏ ਪ੍ਰੋਜੈਕਟ ਦੇ ਤਹਿਤ ਇਸ ਸੜ੍ਹਕ ਦਾ ਕੰਮ ਕਰਵਾਉਣਾ ਵੀ ਸ਼ਾਮਲ ਹੈ, ਜਿਸਦੀ ਸਰਕਾਰ ਵੱਲੋਂ ਤਕਨੀਕੀ ਪ੍ਰਵਾਨਗੀ ਦਿੱਤੀ ਜਾ ਚੁੱਕੀ ਹੈ ਅਤੇ ਫੰਡ ਉਪਲਬੱਧ ਹੋਣ ਉਪਰੰਤ ਟੈਂਡਰ ਲਗਾ ਕੇ ਇਸ ਸੜ੍ਹਕ ਦੀ ਤਾਮੀਰ ਕਰ ਦਿੱਤੀ ਜਾਵੇਗੀ।<br>ਰੋਜ਼ ਗਾਰਡਨ ਨਗਰ ਨਿਗਮ ਦੀ ਮਿਉਂਸਪਲ ਕਲੋਨੀ ਵਿਖੇ ਕੋਠੀ ਨੰ: ਏ-1 ਕਮਿਸ਼ਨਰ, ਨਗਰ ਨਿਗਮ ਜੀ ਨੂੰ ਅਲਾਟ ਹੈ। ਮਾਨਯੋਗ ਕਮਿਸ਼ਨਰ ਜੀ ਵੱਲੋਂ ਇਸ ਕੋਠੀ ਦੀ ਜਨਰਲ ਰਿਪੇਅਰ ਅਤੇ ਰੰਗ ਰੋਗਣ ਕਰਵਾਉਣ ਦੇ ਹੁਕਮ ਹੋਏ ਹਨ। ਕਿਉਂਕਿ ਮਾਨਯੋਗ ਕਮਿਸ਼ਨਰ ਜੀ ਵੱਲੋਂ ਇਸ ਕੋਠੀ ਵਿੱਚ ਸ਼ਿਫਟ ਕੀਤਾ ਜਾਣਾ ਹੈ, ਇਸ ਲਈ ਇਹ ਕੰਮ ਤੁਰੰਤ ਕੀਤਾ ਜਾਣਾ ਹੈ। ਜੇਕਰ ਇਹ ਕੰਮ ਟੈਂਡਰ ਕਾਲ ਕਰਕੇ ਕਰਵਾਇਆ ਜਾਂਦਾ ਹੈ ਤਾਂ ਇਸ ਉਪਰ ਲਗਭਗ ਤਿੰਨ ਮਾਹ ਦਾ ਸਮਾਂ ਲੱਗ ਜਾਵੇਗਾ। ਇਸ ਲਈ ਕੋਠੀ ਨੰ: ਏ-1 ਦਾ ਕੰਮ ਉਕਤ ਕੰਮ ਦੇ ਤਖਮੀਨੇ ਤਹਿਤ ਅਤੇ ਠੇਕੇਦਾਰ ਵੱਲੋਂ ਪਾਏ ਗਏ ਰੇਟਾਂ ਅਨੁਸਾਰ ਕਰਵਾ ਲੈਣਾ ਯੋਗ ਹੋਵੇਗਾ। ਇਸ ਲਈ ਇਸ ਕੰਮ ਦਾ ਵਰਕ ਆਰਡਰ ਜਾਰੀ ਕਰਨ ਅਤੇ ਕੋਠੀ ਨੰ: ਏ-1 ਦਾ ਕੰਮ ਇਸ ਤਖਮੀਨੇ ਤਹਿਤ ਕਰਵਾਉਣ ਲਈ ਰਿਪੋਰਟ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td>
<td>ਪ੍ਰਵਾਨ ਹੈ।</td>
</tr>
</table>

s

5.

44

**ਏਜੰਡਾ ਨੰ: 5**

ਰਿਪੋਰਟ ਲੇਖਾ ਸ਼ਾਖਾ ਕਿ ਸਥਾਨਕ ਸਰਕਾਰਾਂ ਵਿਚ ਸਿੰਗਲ ਐਂਟਰੀ Receipt & Payment Basis ਤੇ ਲੇਖਾ ਸਿਸਟਮ ਲਾਗੂ ਹੈ। ਸਥਾਨਕ ਸਰਕਾਰਾਂ ਵਿਚ ਲੇਖਾ ਪ੍ਰਣਾਲੀ ਮਿਊਂਸਪਲ ਅਕਾਊਂਟ ਕੋਡ 1930 ਅਨੁਸਾਰ ਮੇਨਟੇਨ ਕੀਤੀ ਜਾਂਦੀ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਮਿਤੀ 17-03-2008 ਰਾਹੀਂ ਸਥਾਨਕ ਸਰਕਾਰਾਂ ਵਿਚ Accrual Basis Double Entry ਲੇਖਾ ਸਿਸਟਮ ਲਾਗੂ ਕਰਨ ਦੀ ਹਦਾਇਤ ਕੀਤੀ ਗਈ ਸੀ। ਇਸ ਵਿਚ ਚਾਰਟਰਡ ਅਕਾਊਟੈਂਟ ਦਾ ਪੈਨਲ ਵੀ ਬਨਾਇਆ ਗਿਆ ਸੀ। ਨਗਰ ਨਿਗਮ ਬਠਿੰਡਾ ਵਲੋਂ ਸ਼੍ਰੀ ਸੁਰੇਸ਼ ਸਿੰਗਲਾ ਨੂੰ ਚਾਰਟਰਡ ਅਕਾਊਟੈਂਟ ਨਿਯੁਕਤ ਕੀਤਾ ਗਿਆ ਸੀ। ਸ਼੍ਰੀ ਸੁਰੇਸ਼ ਸਿੰਗਲਾ ਵਲੋਂ Tally Package ਵਿਚ ਪੈਰਲਲ ਤੌਰ ਤੇ ਡਬਲ ਐਂਟਰੀ ਲੇਖਾ ਪ੍ਰਣਾਲੀ ਦਾ ਕੰਮ ਕੀਤਾ ਗਿਆ। ਪਰੰਤੂ ਸਰਕਾਰ ਵਲੋਂ ਆਪਣੇ ਪੱਤਰ ਮਿਤੀ 28-03-2014 ਰਾਹੀਂ ਜੋ ਚਾਰਟਰਡ ਅਕਾਊਟੈਂਟ ਲਗਾਏ ਗਏ ਸਨ ਉਹ ਵਿਦਡਰਾਅ ਕਰ ਲਏ ਗਏ ਅਤੇ ਹਦਾਇਤ ਕੀਤੀ ਗਈ ਕਿ ਨਗਰ ਨਿਗਮ ਆਪਣੇ ਤੌਰ ਤੇ ਚਾਰਟਰਡ ਅਕਾਊਟੈਂਟ ਨਿਯੁਕਤ ਕਰਕੇ ਡਬਲ ਐਂਟਰੀ ਦਾ ਕੰਮ ਕਰੇ। ਨਗਰ ਨਿਗਮ ਵਲੋਂ ਆਪਣੇ ਮਤਾ ਨੰਬਰ 252 ਮਿਤੀ 05-09-2014 ਰਾਹੀਂ ਨੈਸ਼ਨਲ ਮਿਊਂਸਪਲ ਅਕਾਊਂਟ ਮੈਨਯੂਲ ਅਨੁਸਾਰ ਡਬਲ ਐਂਟਰੀ ਦਾ ਕੰਮ ਕਰਨਾ ਪਾਸ ਕੀਤਾ ਗਿਆ। ਇਸ ਮਤੇ ਰਾਹੀਂ ਇਹ ਵੀ ਪਾਸ ਕੀਤਾ ਗਿਆ ਸੀ ਕਿ Institute of Chartered Accountant ਬਠਿੰਡਾ ਬਰਾਂਚ ਰਾਹੀਂ ਚਾਰਟਰਡ ਅਕਾਊਟੈਂਟ ਨਿਯੁਕਤ ਕੀਤਾ ਜਾਵੇ। ਕਿਉਂ ਜੋ ਮਿਊਂਸਪਲ ਅਕਾਊਂਟ ਕੋਡ ਅਨੁਸਾਰ ਸਿੰਗਲ ਐਂਟਰੀ ਲੇਖਾ ਸਿਸਟਮ ਹੈ। ਸਰਕਾਰ ਵਲੋਂ ਡਬਲ ਐਂਟਰੀ ਅਨੁਸਾਰ ਅਕਾਊਂਟ ਕੋਡ ਵਿਚ ਲੋੜੀਂਦੀ ਸੋਧ ਕਰਨ ਲਈ ਕਮੇਟੀ ਦਾ ਗਠਨ ਕਰ ਦਿੱਤਾ ਗਿਆ। ਇਸ ਲਈ ਡਬਲ ਐਂਟਰੀ ਦਾ ਕੰਮ ਪੈਡਿੰਗ ਕਰਨਾ ਪਿਆ। ਪਰੰਤੂ ਸਰਕਾਰ ਨੇ ਪੱਤਰ ਮਿਤੀ 03-07-2015 ਅਤੇ 18-09-2015 ਰਾਹੀਂ ਫਿਰ ਤੋਂ ਡਬਲ ਐਂਟਰੀ ਦਾ ਕੰਮ ਸ਼ੁਰੂ ਕਰਨ ਲਈ ਕਿਹਾ ਗਿਆ। ਇਸ ਬਾਬਤ ਡਾਇਰੈਕਟਰ ਸਥਾਨਕ ਸਰਕਾਰ ਜੀ ਵਲੋਂ ਮਿਤੀ 26-11-2015 ਨੂੰ ਮੀਟਿੰਗ ਕਰਕੇ ਹਦਾਇਤਾਂ ਵੀ ਜਾਰੀ ਕੀਤੀਆਂ ਗਈਆਂ ਹਨ। ਨਗਰ ਨਿਗਮ ਵਲੋਂ Institute of Chartered Accountant ਰਾਹੀਂ Expression of Interest ਮੰਗੇ ਗਏ। ਇਸ ਅਨੁਸਾਰ Comparative Statement ਹੇਠ ਲਿਖੇ ਅਨੁਸਾਰ ਹੈ:-

| Sr. No. | Assignment | Vinay Garg, Chartered Accountant |
|---|---|---|
| 1 | Implementation of Accrual Basis Double Entry Accounting system | 21,000 p.m plus software cost |
| 2 | To prepare monthly data regarding Tax, Filing on Line Return and other supplementary works | Rs. 7.50 per entry subject to minimum Rs. 750 |
| 3 | Filing quarterly and annual returns of Service Tax | Rs. 1750 per service per return |
| 4 | Preparation TDS Certificate | Rs. 45 per certificate for salary, Rs. 25 per certificate for Non salary |
| 5 | Case with Income Tax Authorities | Rs. 2100 Plus Rs. 500 per visit Local and Rs. 4000 per outside visit |
| 6 | Audit work internal | Rs. 18000 per month |

| Sr. No. | Assignment | Mohan & Mohan, Chartered Accountant |
|---|---|---|
| 1 | Implementation of Accrual Basis Double Entry Accounting system | Rs.22,000 p.m plus cost of Tally Software including software updation cost and out of pocket expenses, if any |
| 2 | Preparation monthly data regarding Tax, Filing on Line Return and other supplementary works | A. Rs. 7 per entry plus filing fees subject to minimum Rs. 7.00<br>B. Rs. 700 for each revised Return (if any) plus filing fees |
| 3 | Filing quarterly and annual returns of Service Tax etc. | Rs. 1700 per service per return plus filing fees if any |
| 4 | Preparation of TDS Certificate | For Generating TDS certificates of salary Rs. 40 per certificate for Non Salary Certificate Rs. 20 Per certificate |
| 5 | Income Tax/ TDS case with Tax Authorities | Rs. 2000 Plus Rs. 500 per Local visit (if any) plus out of pocket expenses and Rs. 3500 per outside visit ( if any) Plus out of pocket expenses if any excluding appeal work |
| 6 | internal Audit work | Rs. 14,500 per month |

| Sr. No. | Assignment | Pardeep H Garg & Co., Chartered Accountants |
|---|---|---|
| 1 | Implementation of Accrual Basis Double Entry Accounting system | Rs.22,000 p.m plus software cost |
| 2 | To prepare monthly data regarding Tax, filling on line return and other supplementary works | Rs. 7 per entry subject to minimum Rs. 7.50 |
| 3 | Filing quarterly and annual returns of service tax | Rs. 1750 per service per return |
| 4 | Preapartion of TDS certificate | Rs. 50 per certificate for salary Rs. 25 per certificate for non salary |
| 5 | Case with Income Tax Authorities | Rs. 2100 plus Rs. 500 per visit local and Rs. 4000 per outside visit |

| | | |
|---|---|---|
| 6. | Audit Work Internal | Rs. 15000 per month |

| Sr. No. | Assignment | Raj Katia, Chartered Accountants |
|---|---|---|
| 1 | Double Entry Accounting according to accrual basis | Rs.25,000 p.m |
| 2 | Preparation and filing of monthly data for filling TDS return | Rs. 10 per entry |
| 3 | Filing of Servicew Tax Return | Rs. 21000 p.a |
| 4 | Preparation of TDS certificate | Rs. 50 for salary<br>Rs. 25 for Non salary |
| 5 | Income Tax cases | Rs. 4400 per case |
| 6 | Audit/ Internal Audit | Rs. 18000 p.m |

| Sr. No. | Assignment | Ashuma & Associates, Chartered Accountants |
|---|---|---|
| 1 | Implementation of Double Entry Accounting system | Rs.25,000 p.m plus software cost |
| 2 | Fro preparing monthly data regarding taz filing online return etc. | Rs. 7.50 per paisa per entry |
| 3 | Quarterly/Half yearly/annual return filing of Service Tax | Rs. 2100 for each service and each return |
| 4 | Preparation of TDS certificates Form 16/16A | Rs. 40 per certificate |
| 5 | Case with Income Tax authorities | Rs. 5100 per case local |
| 6 | Internal Audit Work | Rs. 18500 per month plos out of pocket expenses if any |

ਉਕਤ ਦਰਸਾਈ ਤੁਲਨਾਤਮਕ ਸੂਚੀ ਦੀ ਸਮੀਖਿਆ ਕਰਨ ਤੇ ਹੇਠ ਲਿਖੇ ਅਨੁਸਾਰ Lowest rate ਹਨ:-

| | | |
|---|---|---|
| 1 | Implementation of Accrual Basis Double Entry Accounting system | Sh. Vinay Garg, C.A |
| 2 | To prepare monthly data regarding Tax, Filing on Line Return and other | Mohan & Mohan, C.A |

**Lowest Rates** ਵਾਲੀ ਤੁਲਨਾਤਮਕ ਸੂਚੀ ਵੇਖਣ ਤੇ ਪਾਇਆ ਕਿ ਲੜੀ ਨੰ: 5 ਤੇ ਦਰਜ਼ ਸ਼੍ਰੀ ਵਿਨੈ ਗਰਗ ਦੀ ਥਾਂ ਤੇ ਮੋਹਨ ਐਂਡ ਮੋਹਨ, ਚਾਰਟਰਡ ਅਕਾਊਂਟੈਂਟ ਲਿਖਿਆ ਜਾਣਾ ਸੀ, ਦੀ ਦਰੁੱਸਤੀ ਕਰਦੇ ਹੋਏ ਕੇਸ ਪ੍ਰਵਾਨ ਹੈ।

ਮਜ਼ੀਦ ਪਾਸ ਕੀਤਾ ਗਿਆ ਕਿ ਕਿਉਂ ਜੋ ਲੜੀ ਨੰ: 2 ਤੋਂ 6 ਤੱਕ ਮੋਹਨ ਐਂਡ ਮੋਹਨ, ਚਾਰਟਰਡ

<table>
<tr>
<td></td>
<td></td>
<td>
<table>
<tr><td></td><td>supplementary works</td><td></td></tr>
<tr><td>3</td><td>Filing quarterly and annual returns of Service Tax</td><td>Mohan & Mohan, C.A</td></tr>
<tr><td>4</td><td>Preparation TDS Certificate</td><td>Mohan & Mohan, C.A</td></tr>
<tr><td>5</td><td>Case with Income Tax Authorities</td><td>Sh. Vinay Garg</td></tr>
<tr><td>6</td><td>Audit work internal</td><td>Mohan & Mohan, C.A<br>Pardeep H Garg & Co., C.A</td></tr>
</table>
ਉਕਤ ਵਿਚੋਂ ਲੜੀ ਨੰਬਰ 1 ਦੇ ਕੰਮ ਵਿਚ ਸ਼੍ਰੀ ਵਿਨੈ ਗਰਗ, ਚਾਰਟਰਡ ਅਕਾਊਟੈਂਟ ਦੇ ਰੇਟ ਘੱਟ ਹਨ। ਲੜੀ ਨੰ: 2, 3, 4, 5 ਅਤੇ 6 ਵਿਚ ਮੋਹਨ ਐਂਡ ਮੋਹਨ, ਚਾਰਟਰਡ ਅਕਾਊਟੈਂਟ ਦੇ ਰੇਟ ਘੱਟ ਹਨ। ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।
</td>
<td>ਅਕਾਊਂਟੈਂਟ ਦੇ ਰੇਟ ਘੱਟ ਹਨ। ਇਸ ਲਈ ਯੋਗ ਹੋਵੇਗਾ ਕਿ Lowest Rates ਵਾਲੀ ਤੁਲਨਾਤਮਕ ਸੂਚੀ ਵਿੱਚ ਲੜੀ ਨੰ: 1 ਤੇ ਦਰਜ਼ Implementation of Double Entry Accounting system ਲਈ ਵੀ ਸ਼੍ਰੀ ਵਿਨੈ ਗਰਗ, ਚਾਰਟਰਡ ਅਕਾਊਂਟੈਂਟ ਦੀ ਥਾਂ ਤੇ ਮੋਹਨ ਐਂਡ ਮੋਹਨ, ਚਾਰਟਰਡ ਅਕਾਊਂਟੈਂਟ ਨਾਲ ਗੱਲਬਾਤ ਕਰਕੇ ਸ਼੍ਰੀ ਵਿਨੈ ਗਰਗ, ਚਾਰਟਰਡ ਅਕਾਊਂਟੈਂਟ ਦੇ ਰੇਟਾਂ ਤੇ ਕਰਵਾਉਂਦੇ ਹੋਏ ਸਾਰਾ ਕੰਮ ਇੱਕੋ ਹੀ ਚਾਰਟਰਡ ਅਕਾਊਂਟੈਂਟ ਪਾਸੋਂ ਕਰਵਾ ਲਿਆ ਜਾਵੇ।</td>
</tr>
<tr>
<td>6</td>
<td>45</td>
<td>
<u>ਏਜੰਡਾ ਨੰ: 6</u><br>
ਰਿਪੋਰਟ ਤਹਿਬਾਜਾਰੀ ਸ਼ਾਖਾ ਕਿ ਨਿਗਮ ਵੱਲੋਂ 27 ਡਾਇਰੈਕਸ਼ਨ ਬੋਰਡ ਸਾਇਜ 20’×6’, 22 ਯੂਨੀਪੋਲ ਸਾਇਜ 12’×8’ ਅਤੇ ਇੱਕ ਬੈਕਲਿਟ ਟਾਵਰ ਦਾ ਟੈਂਡਰ ਵਾਰ-2 ਲਾਉਣ ਤੇ ਵੀ ਕਿਸੇ ਵਿਅਕਤੀ/ਫਰਮ ਵੱਲੋਂ ਟੈਂਡਰ ਨਹੀਂ ਪਾਇਆ ਗਿਆ। ਟੈਂਡਰ ਨਾ ਆਉਣ ਕਾਰਨ ਨਿਗਮ ਦਾ ਸਾਲ 2014-15 ਦੇ ਮੁਕਾਬਲੇ ਲਗਭਗ 1 ਕਰੋੜ ਦਾ ਮਾਲੀ ਨੁਕਸਾਨ ਹੋ ਰਿਹਾ ਸੀ। ਨਿਗਮ ਨੂੰ ਇਸ ਨੁਕਸਾਨ ਤੋਂ ਬਚਾਉਣ ਲਈ ਕਮਿਸ਼ਨਰ ਸਾਹਿਬ ਵੱਲੋਂ ਨਿਗਮ ਦੇ ਐਡਵਰਟਾਇਜਸਮੈਂਟ ਠੇਕੇਦਾਰਾਂ ਨਾਲ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਨਿਗਮ ਹਦੂਦ ਵਿੱਚ ਪੈਂਦੀਆਂ ਸਾਰੀਆਂ ਐਡਵਰਟਾਇਜਮੈਂਟ ਸਾਇਟਾਂ ਦਾ ਇੱਕ ਸਿੰਗਲ ਟੈਂਡਰ ਲਗਾਉਣ ਦਾ ਫੈਸਲਾ ਕੀਤਾ ਗਿਆ। ਇਸ ਸਬੰਧੀ ਐਡਵਰਟਾਇਜਮੈਂਟ ਠੇਕੇਦਾਰਾਂ ਨੇ ਵੀ ਸਿੰਗਲ ਟੈਂਡਰ ਲਗਾਉਣ ਲਈ ਜੁਬਾਨੀ ਸਹਿਮਤੀ ਦੇ ਦਿੱਤੀ ਸੀ ਅਤੇ ਇਹ ਵੀ ਮੰਨਿਆ ਸੀ ਕਿ ਉਹ ਆਪਣੇ ਚੱਲ ਰਹੇ ਠੇਕੇ ਸਰੈਂਡਰ ਕਰ ਦੇਣਗੇ। ਉਕਤ ਅਨੁਸਾਰ ਮਿਤੀ 26.11.2015 ਨੂੰ ਵਿਗਿਆਪਨ ਸਾਇਟਾਂ ਸਬੰਧੀ ਮੰਗੇ ਗਏ ਟੈਂਡਰਾਂ ਦੇ ਜੁਆਬ ਵਿੱਚ ਸ਼੍ਰੀ ਉਮੇਸ਼ ਸ਼ਰਮਾਂ ਵੱਲੋਂ ਇੱਕ ਹੀ ਟੈਂਡਰ ਪ੍ਰਾਪਤ ਹੋਇਆ ਹੈ। ਨਗਰ ਨਿਗਮ ਵੱਲੋਂ ਰੱਖੀ ਗਈ ਘੱਟੋ-ਘੱਟ ਕੀਮਤ 2.50 ਕਰੋੜ ਦੇ ਮੁਕਾਬਲੇ ਉਹਨਾਂ ਵੱਲੋਂ 3.01 ਕਰੋੜ ਰੁਪਏ ਪ੍ਰਤੀ ਸਾਲ ਦੇਣ ਦੀ ਪੇਸ਼ਕਸ਼ ਕੀਤੀ ਹੈ। ਇਹ ਟੈਂਡਰ ਪੰਨਾ ਨੰ: 1,2 ਅਤੇ 3 ਤੇ ਦਰਜ ਸਾਇਟਾਂ ਲਈ ਕਰਵਾਇਆ ਗਿਆ ਹੈ। ਇਸ ਵਿੱਚ ਮੌਜੂਦਾ ਤੌਰ ਤੇ ਠੇਕੇ ਤੇ ਚੱਲ ਰਹੀਆਂ ਸਾਇਟਾਂ ਨੂੰ ਵੀ ਵਿੱਚ ਲਿਆ ਗਿਆ ਸੀ ਕਿਉਂ ਕਿ ਇਹਨਾਂ ਦੇ ਠੇਕੇਦਾਰਾਂ ਵੱਲੋਂ ਨਗਰ ਨਿਗਮ ਕੋਲ ਬਿਨ੍ਹਾਂ ਠੇਕੇ ਤੋਂ ਪਈਆਂ ਸਾਇਟਾਂ ਨੂੰ ਠੇਕੇ ਤੇ ਨਹੀਂ ਲਿਆ ਜਾ ਰਿਹਾ ਸੀ ਅਤੇ ਇਹ ਸੁਝਾਅ ਦਿੱਤਾ ਗਿਆ ਸੀ ਕਿ ਸਾਰੇ ਸ਼ਹਿਰ ਦਾ ਇੱਕ ਹੀ ਵਿਗਿਆਪਣ ਟੈਂਡਰ ਲਗਾ ਕੇ ਇੱਕ ਹੀ ਫਰਮ ਨੂੰ ਅਲਾਟ ਕਰ ਦਿੱਤਾ ਜਾਵੇ। ਠੇਕੇ ਵਿੱਚ ਲਈਆਂ ਗਈਆਂ ਵਿਗਿਆਪਨ ਸਾਇਟਾਂ ਦੀ ਮੌਜੂਦਾ ਸਥਿਤੀ ਬਾਰੇ ਡਿਟੇਲ ਹੇਠ ਲਿਖੇ ਅਨੁਸਾਰ ਹੈ:-
<table>
<tr><th>ਲੜੀ ਨੰ:</th><th>ਵਿਗਿਆਪਨ ਸਾਇਟ</th><th>ਮੌਜੂਦਾ ਠੇਕੇਦਾਰ ਜੇਕਰ ਕੋਈ ਹੈ ਤਾਂ</th><th>ਠੇਕਾ ਖਤਮ ਹੋਣ ਦੀ ਮਿਤੀ</th><th>ਰੇਟ ਜਿਸ ਤੇ ਠੇਕਾ ਹੈ।</th><th>ਵਿਸ਼ੇਸ਼ ਕਥਨ</th></tr>
<tr><td>1</td><td>30 ਯੂਨੀਪੋਲ ਸਾਇਜ 20’× 10’</td><td>ਸ਼ੁਭਮ ਕਿਰੇਅਰਟਰਜ਼ (22 ਯੂਨੀਪੋਲ)</td><td>18.02.2017</td><td>ਰੁਪਏ 19500 ਪ੍ਰਤੀ ਪੋਲ ਪ੍ਰਤੀ ਮਹੀਨਾ ਅਤੇ</td><td>8 ਯੂਨੀਪੋਲ ਟੈਂਡਰ ਵਿੱਚ ਨਵੇਂ ਲੱਗਣੇ</td></tr>
</table>
</td>
<td></td>
</tr>
</table>

| | | | | | |
|---|---|---|---|---|---|
| | | | | ਐਡਵਰਟਾਇਜਮੈਂਟ ਟੈਕਸ ਵਖਰਾ | ਹਨ। |
| 2 | 50 ਯੂਨੀਪੋਲ ਸਾਇਜ 18'×8' | ਡੀ.ਕੇ ਐਡਵਰਟਾਇਜਰਜ (11 ਯੁਨੀਪੋਲ) | 07.01.2016 | ਰੁਪਏ 15786 ਪ੍ਰਤੀ ਪੋਲ ਪ੍ਰਤੀ ਮਹੀਨਾ ਅਤੇ ਐਡਵਰਟਾਇਜਮੈਂਟ ਟੈਕਸ ਵਖਰਾ | 39 ਟੈਂਡਰ ਵਿੱਚ ਨਵੇਂ ਲੱਗਣੇ ਹਨ। |
| 3 | 30 ਡਾਇਰੈਕਸ਼ਨ ਬੋਰਡ ਸਾਇਜ 20'×6' | ਕੋਈ ਠੇਕਾ ਨਹੀਂ (27) | ------ | ------- | 3 ਟੈਂਡਰ ਵਿੱਚ ਨਵੇਂ ਲੱਗਣੇ ਹਨ। |
| 4 | 10 ਯੂਨੀਪੋਲ ਸਾਇਜ 30'×15' | ------- | ------- | ------- | ਟੈਂਡਰ ਵਿੱਚ ਨਵੇਂ ਲੱਗਣੇ ਹਨ। |
| 5 | 35 ਡੈਕੋਰੇਟਿਵ ਲਾਇਟਾਂ ਬਰਨਾਲਾ ਬਾਇਪਾਸ ਰੋਡ ਉੱਪਰ | ਜੀ.ਐਨ.ਏ ਐਡਵਰਟਾਇਜਰਜ਼ | 27.06.2017 | ਰੁਪਏ 16100 ਪ੍ਰਤੀ ਮਹੀਨਾ | --------- |
| 6 | 50 ਡੈਕੋਰੇਟਿਵ ਲਾਇਟਾਂ 100' ਰੋਡ ਉੱਪਰ ਬੀਬੀ ਵਾਲਾ ਰੋਡ ਤੋਂ ਭਾਗੂ ਰੋਡ | ਜੀ.ਐਨ.ਏ ਐਡਵਰਟਾਇਜਰਜ਼ | 18.02.2017 | ਰੁਪਏ 165 ਪ੍ਰਤੀ ਪੋਲ ਪ੍ਰਤੀ ਮਹੀਨਾ ਅਤੇ ਐਡਵਰਟਾਇਜਮੈਂਟ ਟੈਕਸ ਵਖਰਾ | --------- |
| 7 | 421 ਟਿਊਬਲਰ ਪੋਲਜ਼ | ਰੋਮਾਣਾ ਇਵੇਂਟ ਐਂਡ ਪ੍ਰਮੋਸ਼ਨ ਕੰਪਨੀ | 10.09.2018 | ਰੁਪਏ 107 ਪ੍ਰਤੀ ਪੋਲ ਪ੍ਰਤੀ ਮਹੀਨਾ | --------- |
| 8 | 237 ਟਿਊਬਲਰ ਪੋਲਜ | ਖਾਲੀ | ------- | ------- | -------- |
| 9 | 306 ਟਿਊਬਲਰ ਪੋਲਜ | ਜੀ.ਐਨ.ਏ ਐਡਵਰਟਾਇਜਰਜ਼ | 09.05.2017 | ਰੁਪਏ 297 ਪ੍ਰਤੀ ਮਹੀਨਾ ਪ੍ਰਤੀ ਪੋਲ ਅਤੇ ਐਡਵਰਟਾਇਜਮੈਂਟ ਟੈਕਸ ਵਖਰਾ | --------- |
| 10 | 107 ਟਿਊਬਲਰ ਪੋਲਜ | ਰੋਮਾਣਾ ਇਵੇਂਟ ਐਂਡ ਪ੍ਰਮੋਸ਼ਨ ਕੰਪਨੀ | 10.09.2018 | ਰੁਪਏ 107 ਪ੍ਰਤੀ ਮਹੀਨਾ ਪ੍ਰਤੀ ਪੋਲ | ------ |
| 11 | 371 ਟਿਊਬਲਰ | ਮੰਗਲਮ ਫਲੈਕਸ | 17.07.2018 | ਰੁਪਏ 530 ਪ੍ਰਤੀ | 102 ਖਾਲੀ |

| | | | | | |
|---|---|---|---|---|---|
| | ਪੋਲਜ | (269) | | ਮਹੀਨਾ ਪ੍ਰਤੀ ਪੋਲ | |
| 12 | 6 ਬਿਟ ਬੋਕਸਿਜ਼ | ਖਾਲੀ | ------ | ------ | ------ |
| 13 | 2 ਗਾਰਬੇਜ਼ ਕੋਲੇਕਸ਼ਨ ਸੈਂਟਰ | ਖਾਲੀ | ------- | ------- | ------- |
| 14 | 3 ਗੈਨਟਰੀਜ਼ | 1 ਖਾਲੀ | ----- | ------ | 2 ਟੈਂਡਰ ਵਿੱਚ ਨਵੀਆਂ ਬਨਣੀਆਂ ਹਨ। |
| 15 | 2 ਬੈਕਲੀਟ ਟਾਵਰ ਸਾਹਮਣੇ ਫਾਇਰ ਬ੍ਰਿਗੇਡ ਅਤੇ ਬਾਹੀਆ ਫੋਰਟ | ਜੀ.ਐਨ.ਏ ਐਡਵਰਟਾਇਜਰਜ਼ (1) | 24.06.2017 | ਰੁਪਏ 14025 ਪ੍ਰਤੀ ਮਹੀਨਾ ਪ੍ਰਤੀ ਪੋਲ | 1 ਖਾਲੀ |
| 16 | 30 ਬਸ ਕਿਉ ਸ਼ੈਲਟਰ | ਐਮ.ਐਡ.ਯੂ ਐਡਵਰਟਾਇਜਰਜ਼ (28) | 28.02.2019 | 5 ਬੱਸ ਕਿਉ ਸ਼ੈਲਟਰ 123438/- ਰੁਪਏ ਤਿਮਾਹੀ ਕਿਸ਼ਤ | 25 ਬੀ.ਓ.ਟੀ ਬੇਸਿਸ ਤੇ ਹਨ। |

ਇਸ ਟੈਂਡਰ ਦੀ ਸ਼ਰਤ ਨੰ: 24 ਰਾਹੀਂ ਠੇਕੇਦਾਰਾਂ ਤੋਂ ਵੱਖ-2 ਆਇਟਮਾਂ ਦੇ ਰੇਟ ਵੀ ਮੰਗੇ ਗਏ ਸਨ ਤਾਂ ਕਿ ਕੰਮ ਕਰਨ ਸਮੇਂ ਮੌਕੇ ਤੇ ਜੇਕਰ ਘੱਟ ਜਾਂ ਵੱਧ ਵਿਗਿਆਪਣ ਸਾਇਟਾਂ ਲਗਾਈਆਂ ਜਾਂਦੀਆਂ ਹਨ ਤਾਂ ਇਹਨਾਂ ਰੇਟਾਂ ਅਨੁਸਾਰ ਟੈਂਡਰ ਦੀ ਰਕਮ ਵਧਾਈ ਜਾਂ ਘਟਾਈ ਜਾ ਸਕੇ। ਇਸ ਤੋਂ ਇਲਾਵਾ ਟੈਂਡਰ ਮੰਗਣ ਸਮੇਂ ਰੱਖੀਆਂ ਗਈਆਂ ਸ਼ਰਤਾਂ ਪੇਜ਼ ਨੰ: 3 ਤੋਂ 7 ਤੱਕ ਡਿਟੇਲ ਵਿੱਚ ਦਰਜ ਹਨ।ਉਪਰੋਕਤ ਸ਼੍ਰੀ ਉਮੇਸ਼ ਸ਼ਰਮਾਂ ਠੇਕੇਦਾਰ ਵੱਲੋਂ ਵੱਖ-2 ਆਇਟਮਾਂ ਦੇ ਰੇਟ ਨਹੀਂ ਦਿੱਤੇ ਗਏ। ਇਸ ਲਈ ਉਸ ਨੂੰ ਮਿਤੀ ਨਿਰਧਾਰਤ ਕਰਕੇ ਗੱਲਬਾਤ ਲਈ ਬੁਲਾ ਲੈਣਾ ਯੋਗ ਹੋਵੇਗਾ।

ਉਪਰੋਕਤ ਟੇਬਲ ਦੇਖਣ ਤੇ ਪਤਾ ਲਗਦਾ ਹੈ ਕਿ ਨਗਰ ਨਿਗਮ ਕੋਲ ਇਸ ਸਮੇਂ ਕੁਝ ਸਾਇਟਾਂ ਬਿਨਾਂ ਠੇਕੇ ਤੋਂ ਦਿੱਤੀਆਂ ਪਈਆਂ ਹਨ, ਕੁਝ ਸਾਇਟਾਂ ਨਵੀਆਂ ਲਗਾਈਆਂ ਜਾਣੀਆਂ ਹਨ ਅਤੇ ਕੁਝ ਸਾਇਟਾਂ ਦੇ ਠੇਕੇ ਵੱਖ-2 ਸਮੇਂ ਤੇ ਖਤਮ ਹੋ ਰਹੇ ਹਨ। ਇਸ ਲਈ ਇਹ ਵੀ ਉਚਿਤ ਹੋਵੇਗਾ ਕਿ ਇਹਨਾਂ ਠੇਕੇਦਾਰਾਂ ਨੂੰ ਵੀ ਵੱਖਰੇ-2 ਤੋਰ ਤੇ ਗੱਲਬਾਤ ਲਈ ਬੁਲਾ ਲਿਆ ਜਾਵੇ ਤਾਂ ਕਿ ਠੇਕੇ ਛੱਡਣ ਸੰਬਧੀ ਗੱਲਬਾਤ ਕੀਤੀ ਜਾ ਸਕੇ ਕਿਉਂ ਕਿ ਟੈਂਡਰ ਲਗਾਉਣ ਸਮੇਂ ਇਹਨਾਂ ਠੇਕੇਦਾਰਾਂ ਵੱਲੋਂ ਇਹਨਾਂ ਦੀਆਂ ਨਿੱਜੀ ਫਰਮਾਂ ਅਧੀਨ ਠੇਕਿਆਂ ਨੂੰ ਛੱਡਣ ਦੀ ਪੇਸ਼ਕਸ਼ ਕੀਤੀ ਗਈ ਸੀ। ਇਥੇ ਇਹ ਦੱਸਣਾ ਯੋਗ ਹੋਵੇਗਾ ਕਿ ਇਹਨਾਂ ਠੇਕੇਦਾਰਾਂ ਵਿੱਚੋਂ ਲੜੀ ਨੰ: 1 ਦੀ ਫਰਮ ਸ਼ੁਭਮ ਕਿਰੈਅਟਰਜ਼ ਦੇ ਮਾਲਕ ਸ਼੍ਰੀ ਵਿਕਾਸ ਜਿੰਦਲ ਨੇ ਆਪਣੀ ਦਰਖਾਸਤ ਮਿਤੀ 28.10.15 ਰਾਹੀਂ ਬੇਨਤੀ ਕੀਤੀ ਸੀ ਕਿ ਉਹ ਸਿੰਗਲ ਟੈਂਡਰ ਵਿੱਚ ਭਾਗ ਲੈਣਾ ਚਾਹੁੰਦਾ ਹੈ। ਇਸ ਕਰਕੇ ਫਰਮ ਤੇ ਤਿਮਾਹੀ ਫੀਸ ਮਿਤੀ 19.11.2015 ਤੋਂ 18.02.16 ਤੱਕ 16,06,770/- ਰੁਪਏ (ਸਰਵਿਸ ਟੈਕਸ ਵੱਖਰਾ) ਦੀ ਬਜਾਏ ਇਕ ਮਹੀਨੇ ਦੀ ਕਿਸ਼ਤ 5,35,590/- ਰੁਪਏ ਜਮ੍ਹਾਂ ਕਰਵਾਏ ਜਾਣ ਅਤੇ ਦਫ਼ਤਰ ਵੱਲੋਂ ਫਰਮ ਦੀ ਬੇਨਤੀ ਮੰਨਦੇ ਹੋਏ ਇਕ ਮਹੀਨੇ ਦੀ ਕਿਸ਼ਤ ਜਮ੍ਹਾਂ ਕਰਵਾ ਲਈ ਗਈ ਸੀ। ਇਸ

ਨਗਰ ਨਿਗਮ ਵੱਲੋਂ ਐਡਵਰਟਾਇਜ਼ਮੈਂਟ ਦਾ ਜੋ ਟੈਂਡਰ ਮੰਗਿਆ ਹੈ, ਉਸ ਵਿੱਚ ਸ਼ਰਤ ਨੰਬਰ 24 ਅਨੁਸਾਰ ਵੱਖ-ਵੱਖ 16 ਆਈਟਮਾਂ ਦੇ ਰੇਟ ਮੰਗੇ ਗਏ ਸਨ। ਪਰੰਤੂ ਠੇਕੇਦਾਰ ਵੱਲੋਂ ਸਾਰੀਆਂ ਆਈਟਮਾਂ ਦਾ ਇੱਕੋ ਹੀ ਰੇਟ ਪਾਇਆ ਗਿਆ ਹੈ ਅਤੇ ਇਸ ਸਬੰਧੀ ਸਿੰਗਲ ਟੈਂਡਰ ਹੀ ਪ੍ਰਾਪਤ ਹੋਇਆ ਹੈ। ਇਸ ਲਈ ਜੇਕਰ ਵੱਧ ਜਾਂ ਘੱਟ ਵਿਗਿਆਪਨ ਸਾਈਟਾਂ ਠੇਕੇਦਾਰ ਨੂੰ ਦਿੱਤੀਆਂ ਜਾਂਦੀਆਂ ਹਨ, ਤਾਂ ਠੇਕੇਦਾਰ ਵੱਲੋਂ ਦਿੱਤੀ ਗਈ ਰਕਮ ਨੂੰ ਵਧਾਉਣਾ ਜਾਂ ਘਟਾਉਣਾ ਸੰਭਵ ਨਹੀਂ ਹੋਵੇਗਾ। ਇਸਤੋਂ ਇਲਾਵਾ ਨਗਰ ਨਿਗਮ ਵੱਲੋਂ ਜੋ ਐਡਵਰਟਾਇਜ਼ਮੈਂਟ ਬਾਈਲਾਜ਼ ਪਾਸ ਕੀਤੇ ਗਏ ਹਨ, ਉਹਨਾਂ ਨੂੰ ਸਰਕਾਰ ਵੱਲੋਂ ਨੋਟੀਫਾਈ ਨਹੀਂ ਕੀਤਾ ਗਿਆ। ਬਾਈਲਾਜ਼ ਅਨੁਸਾਰ ਟੈਕਨੀਕਲ ਕਮੇਟੀ ਨੂੰ ਵੀ ਇਹ ਰਿਪੋਰਟ ਦੇਣੀ ਹੋਵੇਗੀ ਕਿ ਕਿੰਨਾਂ ਸਾਈਟਾਂ ਉਪਰ ਐਡਵਰਟਾਇਜ਼ਮੈਂਟ ਲਗਾਈ ਜਾ ਸਕਦੀ ਹੈ। ਇਸ ਲਈ ਕਿਸੇ ਵੀ ਅਦਾਲਤੀ ਝਗੜੇ ਤੋਂ ਬਚਣ ਲਈ ਇਸ ਟੈਂਡਰ ਨੂੰ ਰੱਦ ਕੀਤਾ ਜਾਣਾ ਬਣਦਾ ਹੈ ਅਤੇ ਬਾਈਲਾਜ਼ ਨੋਟੀਫਾਈ ਹੋਣ ਅਤੇ ਟੈਕਨੀਕਲ ਕਮੇਟੀ ਦੀ ਰਿਪੋਰਟ ਹੋਣ ਤੇ ਹੀ ਇਹ ਪ੍ਰਕ੍ਰਿਆ ਕੀਤੀ ਜਾਵੇ।

| | | | |
|---|---|---|---|
| | | ਸਬੰਧੀ ਕਮਿਸ਼ਨਰ ਸਾਹਿਬ ਨੇ ਰਿਪੋਰਟ ਕੀਤੀ ਹੈ ਕਿ "ਇੱਥੇ ਇਹ ਦਸਣਯੋਗ ਹੋਵੇਗਾ ਕਿ ਐਡਵਰਟਾਇਜ਼ਮੈਂਟ ਬਾਈਲਾਜ਼ ਹਾਊਸ ਵੱਲੋਂ ਤਾਂ ਅਡਾਪਟ ਕਰ ਲਿੱਤੇ ਗਏ ਹਨ, ਪਰ ਸਰਕਾਰ ਵੱਲੋਂ ਅਜੇ ਇਸਦੀ ਪ੍ਰਵਾਨਗੀ ਨਹੀਂ ਹੋਈ। ਯੋਗ ਫੈਸਲਾ ਲੈਣ ਹਿੱਤ ਪੇਸ਼ ਹੈ ਜੀ"। ਰਿਪੋਰਟ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ। | **ਉਕਤ ਦੇ ਮੱਦੇ ਨਜ਼ਰ ਇਹ ਟੈਂਡਰ ਰੱਦ ਕੀਤਾ ਜਾਂਦਾ ਹੈ।** |
| 7 | 46 | **<u>ਏਜੰਡਾ ਨੰ: 7</u>**<br><br>ਰਿਪੋਰਟ ਸਟਰੀਟ ਲਾਈਟ ਸ਼ਾਖਾ ਕਿ Providing, Maintenance, Replacement of damanged equipment, painting poles of various Traffic Signals, Junctions at Bathinda for the period of two years ਦੇ ਕੰਮ ਲਈ ਐਫ.ਐਂਡ ਸੀ.ਸੀ. ਦੀ ਮੀਟਿੰਗ ਮਿਤੀ 23.10.2015 ਨੂੰ ਪਾਸ ਕੀਤੇ ਗਏ ਮਤਾ ਨੰਬਰ 36 ਦੀ ਪਾਲਣਾ ਕਰਦੇ ਹੋਏ ਮੈਸ: ਆਰ.ਆਰ. ਇਲੈਕਟ੍ਰੋਨਿਕਸ ਮੋਹਾਲੀ ਨੂੰ ਨੈਗੋਸ਼ੀਏਸ਼ਨ ਕਰਨ ਲਈ ਇਸ ਦਫਤਰ ਦੇ ਪੱਤਰ ਨੰਬਰ 594/ਵ ਮਿਤੀ 10.11.2015 ਰਾਹੀਂ 16.11.2015 ਨੂੰ ਹਾਜ਼ਰ ਆਉਣ ਲਈ ਲਿਖਿਆ ਗਿਆ ਸੀ। ਪਰੰਤੂ ਫਰਮ ਵੱਲੋਂ ਉਕਤ ਮਿਤੀ ਨੂੰ ਕੋਈ ਹਾਜ਼ਰ ਨਹੀਂ ਆਇਆ। ਫਿਰ ਦੁਬਾਰਾ ਫਰਮ ਨੂੰ ਇਸ ਦਫਤਰ ਦੇ ਪੱਤਰ ਨੰਬਰ 637/ਵ ਮਿਤੀ 18.12.2015 ਰਾਹੀਂ ਮਿਤੀ 21.12.2015 ਨੂੰ ਹਾਜ਼ਰ ਆਉਣ ਲਈ ਲਿਖਿਆ ਗਿਆ। ਫਰਮ ਦਾ ਮਾਲਕ ਉਕਤ ਮਿਤੀ ਨੂੰ ਹਾਜ਼ਰ ਆਇਆ ਅਤੇ ਆਪਣੀ ਲਿਖਤੀ ਸਹਿਮਤੀ ਦਿੱਤੀ ਹੈ ਕਿ ਉਹ ਇਹ ਕੰਮ (–)6.10% ਦੀ ਬਜਾਏ ਓਵਰਆਲ (–)21% ਘਟਾ ਕੇ ਕਰਨ ਲਈ ਤਿਆਰ ਹੈ। ਫਰਮ ਵੱਲੋਂ ਦਿੱਤੇ ਗਏ ਰੇਟ ਕੰਪੀਟੀਟਵ ਹਨ। ਇਸ ਲਈ ਰਿਪੋਰਟ ਐਫ.ਐਂਡ ਸੀ.ਸੀ. ਦੀ ਜਾਣਕਾਰੀ ਅਤੇ ਵਿਚਾਰ ਹਿੱਤ। | **ਪ੍ਰਵਾਨ ਹੈ।** |
| 8 | 47 | **<u>ਏਜੰਡਾ ਨੰ: 8</u>**<br><br>ਰਿਪੋਰਟ ਵਰਕਸ ਸ਼ਾਖਾ ਕਿ ਪਰਸ ਰਾਮ ਨਗਰ ਦੇ ਵਸਨੀਕਾਂ ਦੀ ਮੰਗ ਤੇ ਮੇਨ ਪਰਸ ਰਾਮ ਨਗਰ ਰੋਡ ਨੂੰ ਦੁਕਾਨਦਾਰਾਂ ਦੀ ਸਹਿਮਤੀ ਨਾਲ ਉਹਨਾਂ ਦੇ ਰੈਂਪਾਂ, ਥੜ੍ਹਿਆ ਆਦਿ ਨੂੰ ਤੋੜਕੇ ਇੰਟਰਲਾਕਿੰਗ ਟਾਈਲਾਂ ਲੱਗਾ ਕੇ ਚੋੜਾ ਕੀਤਾ ਜਾਣਾ ਹੈ।ਕਿਉਂਕਿ ਇਸ ਸੜਕ ਉਪਰ ਟਰੈਫਿਕ ਦੀ ਬਹੁਤ ਪ੍ਰੇਸ਼ਾਨੀ ਆ ਰਹੀਂ ਹੈ।ਕੰਮ ਦੀ ਮਹੱਤਤਾ ਨੂੰ ਮੁੱਖ ਰਖਦੇ ਹੋਏ ਇਹ ਕੰਮ ਜਨਰਲ ਰਿਪੇਅਰ ਪੇਚ ਵਰਕ ਫਾਰ ਰੋਡਜ਼ ਜ਼ੋਨ ਨੰਬਰ 3 ਦੇ ਤਖਮੀਨੇ ਮੁਬਲਿਗ 26.79 ਲੱਖ ਰੁਪਏ ਵਿੱਚੋਂ ਕਰਵਾਇਆ ਜਾ ਸਕਦਾ ਹੈ। ਮੌਕੇ ਉਪਰ ਬਣੇ ਹੋਏ ਥੜ੍ਹੇ ਰੈਂਪ ਅਤੇ ਮੋਜੂਦਾ ਨਾਲੀ ਨੂੰ ਡਿਸਮੈਂਟਲ ਕਰਕੇ ਨਵੀਂ ਪੀ.ਵੀ.ਸੀ. ਪਾਈਪ ਲਾਈਨ ਪਾ ਕੇ ਪਾਣੀ ਦੀ ਨਿਕਾਸੀ ਕੀਤੀ ਜਾਵੇਗੀ ਅਤੇ ਚੋੜਾ ਕੀਤੇ ਜਾਣ ਵਾਲੇ ਹਿੱਸੇ ਵਿੱਚ ਇੰਟਰਲਾਕਿੰਗ ਟਾਈਲਾਂ ਲਗਾਈਆਂ ਜਾਣਗੀਆਂ। ਸੜਕ ਨੂੰ ਚੋੜਾ ਕਰਨ ਸਮੇਂ ਵਾਟਰ ਸਪਲਾਈ ਕੁਨੈਕਸ਼ਨ, ਸੀਵਰ ਕੁਨੈਕਸ਼ਨ, ਸੀਵਰ ਦੀ ਹੋਦੀਆਂ ਦੀ ਰਿਪੇਅਰ ਕਰਨੀ ਅਤੇ ਨਵੀਂਆਂ ਬਣਾਉਣੀਆਂ ਪੈਣਗੀਆਂ।ਇਸ ਤੋਂ ਇਲਾਵਾ ਰੈਂਪ ਅਤੇ ਥੜ੍ਹੇ ਆਦਿ ਵੀ ਰਿਪੇਅਰ ਕਰਨੇ ਹੋਣਗੇ।ਉਪਰੋਕਤ ਤਖਮੀਨੇ ਵਿੱਚੋਂ ਅਜੇ ਕੰਮ ਹੋਣਾ ਬਾਕੀ ਹੈ।ਇਸ ਲਈ ਇਹ ਕੰਮ ਜਿਸ ਤੇ ਅੰਦਾਜਨ 15.00 ਲੱਖ ਰੁਪਏ ਖਰਚ ਆਉਣ ਦਾ ਅਨੁਮਾਨ ਹੈ।ਇਸ ਦਾ ਰਿਵਾਇਜ ਤਖਮੀਨਾ ਨਾਲ ਨੱਥੀ ਹੈ। ਪ੍ਰਵਾਨਗੀ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ। | **ਪ੍ਰਵਾਨ ਹੈ।** |

s

## ਇਸ ਉਪਰੰਤ ਐਫ.ਐਂਡ ਸੀ.ਸੀ. ਦੀ ਮੀਟਿੰਗ ਮਿਤੀ 11.01.2016 ਨੂੰ ਦੁਪਹਿਰ 12.00 ਵਜੇ ਸਪਲੀਮੈਂਟਰੀ ਏਜੰਡਾ ਵਿਚਾਰਿਆ ਗਿਆ:

| ਲੜੀ ਨੰ: | ਮਤਾ ਨੰ: | ਏਜੰਡਾ ਆਈਟਮ ਨੰ: | ਮਤਾ ਜੋ ਪਾਸ ਹੋਇਆ |
|---|---|---|---|
| 1. | 48 | **ਏਜੰਡਾ ਨੰ: 1**<br>ਰਿਪੋਰਟ ਲੇਖਾ ਸ਼ਾਖਾ ਕਿ ਇਸ ਸਮੇਂ ਪੈਸਕੋ ਰਾਹੀਂ 10 ਕੰਪਿਊਟਰ ਆਪਰੇਟਰ ਅਤੇ ਦੂਜੇ ਠੇਕੇਦਾਰ ਰਾਹੀਂ 6 ਕੰਪਿਊਟਰ ਆਪਰੇਟਰ ਨਗਰ ਨਿਗਮ ਆਫਿਸ ਦੀਆਂ ਵੱਖ-ਵੱਖ ਬਰਾਂਚਾਂ ਵਿੱਚ ਕੰਮ ਕਰ ਰਹੇ ਹਨ। ਇਹਨਾਂ ਵਿੱਚੋਂ 7 ਕੰਪਿਊਟਰ ਆਪਰੇਟਰ ਪ੍ਰਾਪਰਟੀ ਟੈਕਸ ਸ਼ਾਖਾ ਵਿੱਚ, 2 ਮੇਅਰ ਆਫਿਸ, 2 ਬਰਥ ਐਂਡ ਡੈਥ ਸ਼ਾਖਾ, 1 ਸ਼ਿਕਾਇਤ ਸੈਲ, 1 ਪੀ.ਏ. ਆਫਿਸ, 1 ਵਰਕਸ ਸ਼ਾਖਾ, 1 ਓ.ਐਂਡ ਐਮ. ਸ਼ਾਖਾ ਅਤੇ 1 ਸਿਹਤ ਸ਼ਾਖਾ ਵਿੱਚ ਕੰਮ ਕਰ ਰਿਹਾ ਹੈ।<br>ਹੁਣ ਬਿਲਡਿੰਗ ਸ਼ਾਖਾ ਵੱਲੋਂ 2 ਅਤੇ ਸਿਹਤ ਸ਼ਾਖਾ ਵੱਲੋਂ 3 ਕੰਪਿਊਟਰ ਆਪਰੇਟਰਾਂ ਦੀ ਮੰਗ ਕੀਤੀ ਗਈ ਹੈ, 1 ਕੰਪਿਊਟਰ ਆਪਰੇਟਰ ਤੇ 15000/- ਰੁਪਏ ਪ੍ਰਤੀ ਮਹੀਨਾ ਖਰਚਾ ਆਉਂਦਾ ਹੈ। ਇਸ ਤਰ੍ਹਾਂ 5 ਕੰਪਿਊਟਰ ਆਪਰੇਟਰਾਂ ਤੇ ਇੱਕ ਮਹੀਨੇ ਵਿੱਚ 75000/- ਰੁਪਏ ਅਤੇ ਇੱਕ ਸਾਲ ਵਿੱਚ 900000/- ਰੁਪਏ ਖਰਚ ਆਵੇਗਾ। ਮੌਜੂਦਾ ਕੰਪਿਊਟਰ ਆਪਰੇਟਰਾਂ ਦਾ ਖਰਚਾ 28.80 ਲੱਖ ਰੁਪਏ ਪ੍ਰਤੀ ਸਾਲ ਹੈ। ਰਿਪੋਰਟ ਐਫ.ਐਂਡ ਸੀ.ਸੀ./ਹਾਊਸ ਦੇ ਵਿਚਾਰ ਹਿੱਤ। | **ਪ੍ਰਵਾਨ ਹੈ।** |
| 2 | 49 | **ਏਜੰਡਾ ਨੰ: 2**<br>ਰਿਪੋਰਟ ਲੇਖਾ ਸ਼ਾਖਾ ਕਿ ਸ਼੍ਰੀ ਰਾਮੇਸ਼ਵਰ ਚੰਦਰ ਕਾਲੀਆ, ਲੇਖਾਕਾਰ ਦਰਜ਼ਾ-2 ਆਪਣੀ 58 ਸਾਲ ਦੀ ਉਮਰ ਪੂਰੀ ਹੋਣ ਉਪਰੰਤ ਦੂਜੇ ਸਾਲ ਦੇ ਵਾਧੇ ਤੇ ਹਨ। ਦੂਜੇ ਸਾਲ ਦਾ ਵਾਧਾ ਮਿਤੀ 31-01-2016 ਨੂੰ ਖਤਮ ਹੋ ਜਾਵੇਗਾ। ਉਸ ਉਪਰੰਤ ਇਹਨਾਂ ਨੂੰ ਫਾਰਗ ਕਰਨਾ ਪਵੇਗਾ। ਸ਼੍ਰੀ ਰਾਮੇਸ਼ਵਰ ਚੰਦਰ ਕਾਲੀਆ ਵਲੋਂ ਕਾਫੀ ਕੰਮ ਸੰਭਾਲਿਆ ਹੋਇਆ ਹੈ। ਜਿੰਨਾਂ ਵਿਚ ਮਿਊਂਸਪਲ ਫੰਡ, ਵੱਖ ਵੱਖ ਗਰਾਂਟਾਂ ਅਤੇ ਹੋਰ ਫੰਡਜ਼ ਦੀਆਂ ਕੈਸ਼ ਬੁੱਕਾਂ, ਕਲਾਸੀਫਾਈਡ ਮੇਨਟੇਨ ਕੀਤੇ ਜਾਂਦੇ ਹਨ। ਉਹਨਾਂ ਪਾਸ ਬਜਟ ਅਤੇ ਹੋਰ ਸਾਰਾ ਸਟੇਟਮੈਂਟ ਵਰਕ ਵੀ ਹੈ। ਚੈਕ ਜਾਰੀ ਕਰਨਾ ਅਤੇ ਬਿਲ ਪਾਸ ਕਰਨਾ ਵੀ ਉਹਨਾਂ ਵਲੋਂ ਕੀਤਾ ਜਾਂਦਾ ਹੈ। ਨਗਰ ਨਿਗਮ ਬਠਿੰਡਾ ਵਿਖੇ ਕੋਈ ਲੇਖਾ ਕਲਰਕ ਨਹੀਂ ਹੈ ਅਤੇ ਕਲਰਕਾਂ ਦੀ ਭਾਰੀ ਘਾਟ ਹੈ। ਦੂਸਰੀ ਲੇਖਾਕਾਰ ਸ਼੍ਰੀਮਤੀ ਪ੍ਰੇਮਲਤਾ ਵੀ ਵਾਧੇ ਤੇ ਹਨ ਅਤੇ ਉਸਦੀ ਰਿਟਾਇਰਮੈਂਟ ਵੀ ਸਿਰਫ 4 ਮਹੀਨੇ ਬਾਦ ਹੀ ਹੈ। ਸ਼੍ਰੀਮਤੀ ਪ੍ਰੇਮਲਤਾ ਪਾਸ ਅਮਲਾ ਤੇ ਬਿਜਲੀ ਬਿਲਾਂ ਸਬੰਧੀ ਸਾਰਾ ਕੰਮ ਹੈ। ਸ਼੍ਰੀ ਰਾਮੇਸ਼ਵਰ ਚੰਦਰ ਕਾਲੀਆ ਨੂੰ ਫਾਰਗ ਕਰਨ ਤੇ ਇੱਕ ਦੱਮ ਹੀ ਕੰਮ ਤੇ ਬਹੁਤ ਅਸਰ ਪੈ ਜਾਵੇਗਾ। ਇਸ ਲਈ ਬੇਨਤੀ ਹੈ ਕਿ ਨਗਰ ਨਿਗਮ ਦੇ ਕੰਮ ਕਾਜ਼ ਨੂੰ ਮੁੱਖ ਰੱਖਦੇ ਹੋਏ ਸ਼੍ਰੀ ਰਾਮੇਸ਼ਵਰ ਚੰਦਰ ਕਾਲੀਆ ਨੂੰ ਮਿਤੀ 31-01-2016 ਤੋਂ ਬਾਦ ਇੱਕ ਸਾਲ ਦੇ ਸਮੇਂ ਲਈ ਠੇਕੇ ਦੇ ਆਧਾਰ ਤੇ ਰੱਖਿਆ ਜਾਵੇ। ਸ਼੍ਰੀ ਰਾਮੇਸ਼ਵਰ ਚੰਦਰ ਕਾਲੀਆ ਨੂੰ ਲੇਖਾ ਕਲਰਕ ਦੀ ਖਾਲੀ ਆਸਾਮੀ ਵਿਰੁੱਧ 20000/-ਰੁਪਏ ਪ੍ਰਤੀ ਮਹੀਨਾ ਯਕਮੁਸ਼ਤ ਰਕਮ ਤੇ ਇਕ ਸਾਲ ਦੇ ਸਮੇਂ ਲਈ ਰੱਖਿਆ ਜਾਵੇ।ਕੇਸ ਐਫ.ਐਂਡ ਸੀ.ਸੀ./ ਇਸ ਸਬੰਧੀ ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ), ਨਗਰ ਨਿਗਮ ਬਠਿੰਡਾ ਨੇ ਰਿਪੋਰਟ ਕੀਤੀ ਹੈ ਕਿ "May be allowed in anticipation of approval of House". ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ ਪੇਸ਼ ਹੈ ਜੀ। | **ਮਿਤੀ 31.03.2016 ਤੱਕ ਦੋ ਮਹੀਨਿਆਂ ਦੇ ਸਮੇਂ ਲਈ ਹਾਊਸ ਤੋਂ ਪ੍ਰਵਾਨਗੀ ਦੀ ਆਸ ਵਿੱਚ ਪੈਸਕੋ ਰਾਹੀਂ ਰੱਖਣ ਦੀ ਮੰਨਜ਼ੂਰੀ ਦਿੱਤੀ ਜਾਂਦੀ ਹੈ।** |

s

| | | | |
|---|---|---|---|
| 3 | 50 | **ਏਜੰਡਾ ਨੰ: 3**<br>ਰਿਪੋਰਟ ਸ਼੍ਰੀ ਸੰਦੀਪ ਗੁਪਤਾ, ਨਿਗਮ ਇੰਜੀਨੀਅਰ, ਵਰਕਸ ਸ਼ਾਖਾ ਕਿ Worthy CMC has directed undersigned to install GPS on remaining vehicles of the MCB. The rep. of the M/s. Hi Tecpoint, Mr. Sanjiv has visited this office on 31.12.2015. A meeting was held between the CMC, the SE, Mr. Sanjiv and undersigned wherein he offered that however, the current price has increased to Rs. 8500/-. But they are ready to install the devices on old rate of Rs. 4350/- each device. There are 18 more vehicles where device need to be installed. The expenditure on same is Rs. 78,300/-. Worthy CMC has further directed that cameras on three Road Sweeping Machines should also be installed. The rate for each Camera is Rs. 5500/- each. The total cost therefore shall be Rs. 94,800/-. May allow to fetch the devices on already tendered rate with same agency. For approval please. ਰਿਪੋਰਟ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ। | ਪ੍ਰਵਾਨ ਹੈ। ਮਜ਼ੀਦ ਪਾਸ ਕੀਤਾ ਗਿਆ ਕਿ ਦਫਤਰੀ ਗੱਡੀਆਂ ਨੂੰ ਛੱਡ ਕੇ ਬਾਕੀ ਜਿੰਨ੍ਹਾਂ ਗੱਡੀਆਂ ਤੇ ਜੀ.ਪੀ.ਐਸ ਲਗਾਇਆ ਜਾਣਾ ਹੈ, ਉਹਨਾਂ ਨੂੰ ਉਸ ਸਮੇਂ ਤੱਕ ਤੇਲ ਜਾਰੀ ਨਾ ਕੀਤਾ ਜਾਵੇ, ਜੱਦ ਤੱਕ ਉਹਨਾਂ ਦੀ ਜੀ.ਪੀ.ਐਸ ਰਿਪੋਰਟ ਨਾਲ ਨੱਥੀ ਕਰਕੇ ਨਹੀਂ ਲਗਾ ਦਿੱਤੀ ਜਾਂਦੀ। |

ਸਹੀ/-
ਮੇਅਰ
ਨਗਰ ਨਿਗਮ, ਬਠਿੰਡਾ।